This question paper contains 1 printed pages]

**Roll No.** | | | | | | | | | | | |

S. No. of Question Paper : **280**

Unique Paper Code : **212151** **D**

Name of the Paper : **Punjabi Discipline 'A'**

Name of the Course : **B.A. (Programme) Punjabi**

Semester : **I**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ''ਮਰਿਆ ਨਹੀਂ ਜਾਂਦਾ'' ਕਹਾਣੀ, ਮਨੁੱਖੀ-ਜੀਵਨ ਦੇ ਅਤਿ ਵਿਰੋਧੀ ਨਕਾਰਾਤਮਕ ਸਥਿਤੀਆਂ ਵਿਚ ਧੜਕਦੇ ਰਹਿਣ ਦੀ ਬਲਵਾਨ ਦ੍ਰਿਸ਼ਟੀ ਦਾ ਬਿਰਤਾਂਤ ਹੈ।'' ਇਸ ਦੇ ਆਧਾਰ 'ਤੇ ਕਹਾਣੀ ਦੇ ਵਿਸ਼ੇ ਬਾਰੇ ਚਰਚਾ ਕਰੋ। 15

ਜਾਂ

ਹੇਠਾਂ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ ਇਕ ਦੇ ਵਿਸ਼ੇ ਪੱਖ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਉ :
ਪਾਣੀ ਦੀਆਂ ਲੀਕਾਂ, ਹਵਾ

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਉੱਤਰ ਦਿਉ : 10
1) '' 'ਦੋ ਮਿੰਟ ਹੋਰ ਰੁਕ ਜਾ' ਕਹਾਣੀ, ਮੁਨਾਫ਼ਾ ਕੇਂਦ੍ਰਿਤ ਸ਼ਹਿਰੀ ਜੀਵਨ-ਜਾਚ ਦੇ ਮਾਨਵ-ਵਿਰੋਧੀ ਰਵੱਈਏ ਨੂੰ ਤਿੱਖੇ ਵਿਅੰਗ ਰਾਹੀਂ ਪੇਸ਼ ਕਰਦੀ ਹੈ?'' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਚਰਚਾ ਕਰੋ।
2) 'ਇਕਬਾਲ ਹੁਸੈਨ ਮੋਇਆ ਨਹੀਂ' ਸੰਤਾਲੀ ਦੇ ਫ਼ਿਰਕੂ ਫ਼ਸਾਦਾਂ ਦੀ ਪਿੱਠ-ਭੂਮੀ ਵਿਚੋਂ ਮਾਨਵੀ -ਕਦਰਾਂ ਦੀ ਪਛਾਣ ਵੱਲ ਸੰਕੇਤ ਕਰਦੀ ਕਹਾਣੀ ਹੈ। ਇਸ ਕਥਨ ਬਾਰੇ ਆਪਣੇ ਵਿਚਾਰ ਪੇਸ਼ ਕਰੋ।
3) ਆਪਣੀ ਪਾਠ-ਪੁਸਤਕ 'ਕਥਾ ਸੰਸਾਰ' ਵਿਚੋਂ ਤੁਹਾਡੀ ਮਨਪਸੰਦ ਕਹਾਣੀ ਕਿਹੜੀ ਹੈ ਤੇ ਕਿਉਂ? ਚਰਚਾ ਕਰੋ।

3. ਪੁਸਤਕ 'ਸਭਿਆਚਾਰ ਦਰਪਣ' ਵਿਚੋਂ ਹੇਠਾਂ ਦਿੱਤੇ ਗਏ ਨਿਬੰਧਾਂ ਵਿਚੋਂ ਕਿਸੇ ਇਕ ਦੇ ਵਿਸ਼ੇ ਬਾਰੇ ਵਿਸਤਾਰ ਨਾਲ ਲਿਖੋ:
ਗੁਰਬਾਣੀ, ਲੋਕ ਕਲਾ, ਹਾਰ ਸ਼ਿੰਗਾਰ, ਪੰਜਾਬ ਦਾ ਸਭਿਆਚਾਰਕ ਵਿਰਸਾ। 15

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਉੱਤਰ ਦਿਉ : 10
1) ਹੋਲੀ 'ਤੇ ਹੋਲੇ ਵਿਚ ਕੀ ਅੰਤਰ ਹੈ?
2) ਲੋਕ-ਕਲਾ ਦਾ ਲੋਕ-ਜੀਵਨ ਨਾਲ ਕੀ ਸੰਬੰਧ ਹੈ?
3) ਆਮ ਵਾਕਫ਼ੀ ਤੇ ਸਭਿਆਚਾਰਕ ਘਾਟ ਤੋਂ ਲੇਖਕ ਦਾਂ ਕੀ ਮੰਤਵ ਹੈ?

5. ਹੇਠਾਂ ਦਿੱਤੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ ਲੇਖ ਲਿਖੋ : 10
ਪ੍ਰਕ੍ਰਿਤਕ ਮੁਸੀਬਤਾਂ ਵਿਚ ਘਿਰੇ ਮਨੁੱਖ, ਅਜੋਕੀ ਵਿਦਿਅਕ ਪ੍ਰਣਾਲੀ, ਵਿਸ਼ਵ ਸ਼ਾਂਤੀ, ਸਾਡੀ ਚੋਣ-ਪ੍ਰਣਾਲੀ

6. ਆਪਣੇ ਇਲਾਕੇ ਦੇ ਥਾਣਾ-ਪ੍ਰਮੁੱਖ ਨੂੰ ਪੱਤਰ ਲਿਖੋ, ਜਿਸ ਵਿਚ ਵੱਧਦੀ ਗੁੰਡਾਗਰਦੀ ਦੀਆਂ ਵਾਰਦਾਤਾਂ ਦਾ ਹਵਾਲਾ ਦਿੰਦੇ ਹੋਏ ਲੋੜੀਂਦੇ ਕਦਮ ਉਠਾਉਣ ਲਈ ਕਹੋ। 5

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਕੋਲ ਸਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਬੇਨਤੀ ਪੱਤਰ ਲਿਖੋ।

7. ਹੇਠਾਂ ਦਿੱਤੇ ਅੰਗ੍ਰੇਜ਼ੀ ਸ਼ਬਦਾਂ ਦੇ ਪੰਜਾਬੀ ਰੂਪ ਦੱਸੋ : 10
Artist, Dancer, Singer, Humanist, Editor, Actor, Symbol, Dramatist, Theory, History.